CREDIT▪VALLEY
THE CREDIT VALLEY HOSPITAL

# ਐਮਰਜੰਸੀ ਵਿਭਾਗ ਅਤੇ ਕਰੈਡਿਟ ਵੈਲੀ ਹਸਪਤਾਲ ਸੰਬੰਧੀ ਤੁਹਾਡੇ ਵਾਸਤੇ ਗਾਈਡ

## ਮਾਪਿਆਂ ਅਤੇ ਪਰਿਵਾਰਾਂ ਲਈ ਜਾਣਕਾਰੀ

ਅਸੀਂ ਜਾਣਦੇ ਹਾਂ ਕਿ ਹਸਪਤਾਲ ਆਉਣਾ ਅਜਿਹਾ ਅਨੁਭਵ ਹੁੰਦਾ ਹੈ ਜੋ ਕਈ ਵਾਰੀ ਬਹੁਤ ਪਰੇਸ਼ਾਨ ਕਰਨ ਵਾਲਾ ਅਤੇ ਕਠਨ ਹੁੰਦਾ ਹੈ। ਜਦੋਂ ਤੁਸੀਂ ਕਰੈਡਿਟ ਵੈਲੀ ਹਸਪਤਾਲ ਪਹੁੰਚ ਜਾਂਦੇ ਹੋ ਅਤੇ ਐਮਰਜੰਸੀ ਵਿਭਾਗ ਵਿੱਚ ਦਾਖ਼ਲ ਹੋਣ ਸਮੇਂ ਤੁਹਾਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ ਬਾਰੇ ਚੰਗੀ ਤਰ੍ਹਾਂ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਅਸੀਂ ਹੇਠ ਦਰਜ ਕੁਝ ਜਾਣਕਾਰੀ ਮੁਹੱਈਆ ਕਰਦੇ ਹਾਂ।

## ਐਮਰਜੰਸੀ ਵਿਭਾਗ ਵਿਖੇ ਪਹੁੰਚਣ ਸਮੇਂ

ਜਦੋਂ ਤੁਸੀਂ ਐਮਰਜੰਸੀ ਵਿਭਾਗ ਵਿਖੇ ਪਹੁੰਚਦੇ ਹੋ ਤਾਂ ਟਰੀਆਜ (ਲੋੜ ਅਨੁਸਾਰ ਤੁਹਾਡੀ ਤਕਲੀਫ ਦਾ ਨਿਰਣਾ ਕਰਨ ਵਾਲੀ) ਸਿਖਲਾਈਪ੍ਰਾਪਤ ਨਰਸ ਤੁਹਾਡੀ ਬਿਮਾਰੀ ਜਾਂ ਚੋਟ ਬਾਰੇ ਤੁਹਾਡੇ ਨਾਲ ਗੱਲ ਕਰੇਗੀ। ਟਰੀਆਜ ਨਰਸ ਨਿਰਣਾ ਕਰੇਗੀ ਕਿ ਤੁਹਾਡੀ ਹਾਲਤ ਕਿੰਨੀ ਕੁ ਗੰਭੀਰ ਹੈ ਜਿਸ ਤੋਂ ਇਹ ਫ਼ੈਸਲਾ ਕੀਤਾ ਜਾਵੇਗਾ ਕਿ ਡਾਕਟਰ ਨੂੰ ਮਿਲਨ ਵਿੱਚ ਕਿੰਨਾ ਵਕਤ ਲੱਗਣ ਦੀ ਸੰਭਾਵਨਾ ਹੈ। ਇਲਾਜ ਕਰਨ ਲਈ ਉਪਲਬਧ ਥਾਂ ਦਾ ਹੋਣਾ ਜਾਂ ਨਾ ਹੋਣਾ ਵੀ ਇੱਕ ਕਾਰਨ ਹੈ ਜਿਸ ਤੋਂ ਡਾਕਟਰ ਨੂੰ ਮਿਲਨ ਸੰਬੰਧੀ ਸਮਾਂ ਨਿਸਚਤ ਹੁੰਦਾ ਹੈ। ਜੇ ਵੱਧੇਰੇ ਹੋਰ ਗੰਭੀਰ ਮਰੀਜ਼ ਤੁਹਾਡੇ ਤੋਂ ਪਿੱਛੋਂ ਆਉਂਦਾ ਹੈ ਤਾਂ ਉਸ ਨੂੰ ਤੁਹਾਥੋਂ ਪਹਿਲਾਂ ਵੀ ਵੇਖਿਆ ਜਾ ਸਕਦਾ ਹੈ।

ਜਦੋਂ ਤੁਸੀਂ ਹਸਪਤਾਲ ਆਉਂਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਆਪਣਾ ਜਾਇਜ਼ ਹੈਲਥ ਕਾਰਡ, ਅਤੇ ਦੂਜੇ ਡਾਕਟਰੀ ਦਸਤਾਵੇਜ਼ ਅਤੇ ਦੂਜੀ ਮੈਡੀਕਲ ਕੱਵਰੇਜ, ਜੇ ਤੁਹਾਡੀ ਕੋਈ ਹੋਵੇ, ਆਪਣੇ ਨਾਲ ਲੈ ਕੇ ਆਓ। ਤੁਹਾਨੂੰ ਇਹ ਵੀ ਪੁੱਛਿਆ ਜਾਵੇਗਾ ਕਿ ਜਿਹੜੀਆਂ ਦਵਾਈਆਂ ਤੁਸੀਂ ਲੈ ਰਹੇ ਹੋਵੋ ਉਨ੍ਹਾਂ ਬਾਰੇ ਜਾਣਕਾਰੀ ਦਿਓ।

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਵਾਰੀ ਦੀ ਉਡੀਕ ਕਰਦਿਆਂ ਤੁਹਾਡੀ ਹਾਲਤ ਵੱਧ ਖ਼ਰਾਬ ਹੁੰਦੀ ਹੈ ਤਾਂ ਟਰੀਆਜ ਨਰਸ ਨੂੰ ਤੁਰਤ ਜਾਣੂ ਕਰਵਾਓ। ਜੇ ਤੁਸੀਂ ਡਾਕਟਰ ਨੂੰ ਮਿਲੇ ਬਗ਼ੈਰ ਹੀ ਐਮਰਜੰਸੀ ਵਿਭਾਗ ਛੱਡ ਕੇ ਚਲੇ ਜਾਣਾ ਚਾਹੁੰਦੇ ਹੋਵੋ ਤਾਂ ਇਸ ਬਾਰੇ ਨਰਸ ਨੂੰ ਇਤਲਾਹ ਦਿਓ। ਅਜਿਹੇ ਸਾਰੇ ਮਰੀਜ਼, ਜੋ ਡਾਕਟਰ ਨੂੰ ਮਿਲੇ ਬਗ਼ੈਰ (ਐਮਰਜੰਸੀ ਵਿਭਾਗ) ਛੱਡ ਕੇ ਚਲੇ ਜਾਂਦੇ ਹਨ, ਉਨ੍ਹਾਂ ਦੀ ਪੈਰਵੀ ਦੇ ਤੌਰ ਤੇ ਉਨ੍ਹਾਂ ਨਾਲ ਉਨ੍ਹਾਂ ਦੇ ਘਰ ਸੰਪਰਕ ਕੀਤਾ ਜਾ ਸਕਦਾ ਹੈ।

## ਪਰਿਵਾਰ ਅਤੇ ਦੂਜਾ ਭਰੋਸੇਯੋਗ ਵਿਅਕਤੀ

ਅਸੀਂ ਜਾਣਦੇ ਹਾਂ ਕਿ ਜਿਸ ਸਮੇਂ ਦੌਰਾਨ ਤੁਸੀਂ ਐਮਰਜੰਸੀ ਵਿਭਾਗ ਵਿੱਚ ਹੁੰਦੇ ਹੋ, ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪਰਿਵਾਰ ਦਾ ਮੈਂਬਰ ਜਾਂ ਦੂਜਾ ਭਰੋਸੇਯੋਗ ਵਿਅਕਤੀ ਤੁਹਾਡੇ ਕੋਲ ਠਹਿਰੇ। ਸੁਰੱਖਿਆ ਅਤੇ ਗੁਪਤਤਾ ਕਾਰਨ, ਸਿਰਫ਼ ਦੋ ਸਹਾਇਕ ਵਿਅਕਤੀਆਂ ਨੂੰ ਠਹਿਰਨ ਦੀ ਇਜਾਜ਼ਤ ਹੁੰਦੀ ਹੈ। ਸਹਾਇਕ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਹਸਪਤਾਲ ਦੇ ਕਰਮਚਾਰੀਆਂ ਅਤੇ ਵੇਟਿੰਗ ਰੂਮ ਅੰਦਰ/ਘਰ ਵਿਖੇ ਪਰਿਵਾਰ ਦੇ ਮੈਂਬਰਾਂ ਵਿਚਕਾਰ ਤਾਲਮੇਲ ਲਈ ਅਹਿਮ ਸੰਪਰਕ ਦੇ ਤੌਰ ਤੇ ਕੰਮ ਕਰੇ।

## ਹੋਰ ਜ਼ਰੂਰੀ ਜਾਣਕਾਰੀ

ਜੇ ਤੁਸੀਂ ਅੰਗਰੇਜ਼ੀ ਨਹੀਂ ਸਮਝਦੇ, ਤਾਂ ਕਿਰਪਾ ਕਰ ਕੇ ਦੁਭਾਸ਼ੀਏ ਦੀ ਮੰਗ ਕਰੋ। ਕਰੈਡਿਟ ਵੈਲੀ ਹਸਪਤਾਲ ਕਈ ਤਰ੍ਹਾਂ ਦੀਆਂ ਦੁਭਾਸ਼ੀ ਸੇਵਾਵਾਂ, ਜਿੰਨ੍ਹਾਂ ਵਿੱਚ ਵਾਲੰਟੀਅਰ ਅਤੇ ਪੇਸ਼ਾਵਰ ਦੁਭਾਸ਼ੀਏ ਸ਼ਾਮਲ ਹੁੰਦੇ ਹਨ, ਦੀ ਵਰਤੋਂ ਕਰਦਾ ਹੈ।

ਗੁੰਮ ਜਾਂ ਚੋਰੀ ਹੋਈਆਂ ਚੀਜ਼ਾਂ ਲਈ ਹਸਪਤਾਲ ਜ਼ਿਮੇਦਾਰ ਨਹੀਂ ਹੁੰਦਾ। ਸਾਰੀਆਂ ਕੀਮਤੀ ਅਤੇ ਹੋਰ ਵਸਤਾਂ ਘਰ ਭੇਜ ਦਿਓ। ਜੇ ਇੰਜ ਕਰਨਾ ਅਸੰਭਵ ਹੋਵੇ,ਤਾਂ ਵਸਤਾਂ ਸੰਭਾਲ ਕੇ ਰੱਖਣ ਲਈ ਵਰਤਣ ਵਾਸਤੇ ਲਫ਼ਾਫ਼ੇ ਉਪਲਬਧ ਹੁੰਦੇ ਹਨ। ਵਧੇਰੇ ਜਾਣਕਾਰੀ ਲਈ ਨਰਸ ਨਾਲ ਗੱਲ ਕਰੋ।

ਬਿਮਾਰੀ ਦੀ ਲਾਗ ਨੂੰ ਫ਼ੈਲਣ ਤੋਂ ਰੋਕਣ ਲਈ ਹੱਥ ਧੋਣੇ ਸਭ ਤੋਂ ਵਧੀਆ ਢੰਗ ਹੈ। ਆਪਣੇ ਹੱਥ ਅਕਸਰ ਧੋਂਦੇ ਰਹੋ। ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋਵੋ ਤਾਂ ਮਰੀਜ਼ ਦਾ ਸਾਥ ਨਾ ਦਿਓ ਅਤੇ ਨਾ ਹੀ ਮਰੀਜ਼ ਨੂੰ ਮਿਲਨ ਲਈ ਜਾਓ।

ਕਰੈਡਿਟ ਵੈਲੀ ਹਸਪਤਾਲ ਅਜਿਹੀ ਥਾਂ ਹੈ ਜਿੱਥੇ ਤਮਾਕੂਨੋਸ਼ੀ ਮਨ੍ਹਾਂ ਹੈ। ਹਰੇਕ ਦੀ ਸੇਹਤ ਅਤੇ ਭਲਾਈ ਖ਼ਾਤਰ-ਹਸਪਤਾਲ ਜਾਂ ਹਸਪਤਾਲ ਦੀ ਕਿਸੇ ਵੀ ਥਾਂ ਅੰਦਰ ਤਮਾਕੂਨੋਸ਼ੀ ਦੀ ਮਨਾਹੀ ਹੈ।

ਮਰੀਜ਼ਾਂ ਅਤੇ ਉਨ੍ਹਾਂ ਦੇ ਸਹਾਇਕ ਵਿਅਕਤੀਆਂ ਨੂੰ ਅਸੀਂ ਉਤਸ਼ਾਹ ਦਿੰਦੇ ਹਾਂ ਕਿ ਉਹ ਆਪਣੀ ਸੰਭਾਲ ਬਾਰੇ ਪ੍ਰਸ਼ਣ ਪੁੱਛਣ। ਤੁਹਾਨੂੰ ਸਭ ਤੋਂ ਉੱਤਮ ਸੰਭਾਲ ਮੁਹੱਈਆ ਕਰਨ ਨੂੰ ਯਕੀਨੀ ਬਣਾਉਣ ਲਈ ਸਾਨੂੰ ਦੱਸੋ ਕਿ ਤੁਹਾਡੇ ਵਾਸਤੇ ਅਸੀਂ ਹੋਰ ਕੀ ਕੁਝ ਕਰ ਸਕਦੇ ਹਾਂ।